ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ, ਐਸ.ਏ.ਐਸ.ਨਗਰ
(ਤਾਲਮੇਲ ਸਾਖਾ)

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ,
ਵਿੱਤ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
5. ਮੁੱਖ ਪ੍ਰਸ਼ਾਸ਼ਕ,
ਗਮਾਡਾ, ਐਸ.ਏ.ਐਸ.ਨਗਰ ।
6. ਮੁੱਖ ਨਗਰ ਯੋਜਨਾਕਾਰ, ਪੰਜਾਬ,
ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ,
ਪੁੱਡਾ, ਭਵਨ, ਸੈਕਟਰ-62, ਐਸ.ਏ.ਐਸ.ਨਗਰ।

ਨੰਬਰ-ਗਮਾਡਾ-ਤਾਲਮੇਲ ਸਾਖਾ-2017/ 26081 - 26086.
ਮਿਤੀ: 19/6/17

ਵਿਸ਼ਾ:- ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਬਾਰੇ।

ਸ੍ਰੀਮਾਨ ਜੀ,

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਜੋ ਮਿਤੀ 07-06-2017 ਨੂੰ ਸ਼ਾਮ 5.00 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸ਼ਾਸ਼ਕ,ਗਮਾਡਾ।

ਪਿੱਠ ਅੰਕਣ ਨੰਬਰ-ਗਮਾਡਾ-ਤਾਲਮੇਲ ਸਾਖਾ-/2017/26087 ਮਿਤੀ: 19/6/17

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ /ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸ਼ਾਸ਼ਕ,ਗਮਾਡਾ।

ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 07.06.2017 ਨੂੰ ਸ਼ਾਮ 5.00 ਵਜੇ ਹੋਈ 19ਵੀਂ ਮੀਟਿੰਗ ਦੀ ਕਾਰਵਾਈ ।

ਮਿਤੀ 07.06.2017 ਨੂੰ ਸ਼੍ਰੀ ਕਰਨ ਅਵਤਾਰ ਸਿੰਘ, ਆਈ.ਏ.ਐਸ, ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਹੋਈ ।

ਇਸ ਮੀਟਿੰਗ ਵਿੱਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁੱਦਾ | ਅਹੁੱਦਾ |
|---|---|---|
| 1. | ਸ਼੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ.,<br>ਵਧੀਕ ਮੁੱਖ ਸਕਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਐਸ.ਏ.ਐਸ ਨਗਰ । | ਮੈਂਬਰ |
| 2. | ਸ਼੍ਰੀ ਗੁਰਕੀਰਤ ਕ੍ਰਿਪਾਲ ਸਿੰਘ, ਆਈ.ਏ.ਐਸ,<br>ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ । | ਮੈਂਬਰ |
| 3. | ਸ਼੍ਰੀ ਰਵੀ ਭਗਤ, ਆਈ.ਏ.ਐਸ<br>ਮੁੱਖ ਪ੍ਰਸ਼ਾਸਕ, ਗਮਾਡਾ , ਐਸ.ਏ.ਐਸ ਨਗਰ । | ਮੈਂਬਰ |
| 4. | ਸ਼੍ਰੀਮਤੀ ਹਰਗੁਨਜੀਤ ਕੌਰ, ਪੀ.ਸੀ.ਐਸ,<br>ਵਧੀਕ ਸਕੱਤਰ, ਸਥਾਨਕ ਸਰਕਾਰ, ਪੰਜਾਬ ।<br>(ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਜੀ ਦਾ ਨੁਮਾਇੰਦਾ) | ਮੈਂਬਰ |
| 5. | ਸ਼੍ਰੀ ਹਰਨੇਕ ਸਿੰਘ, ਮੁੱਖ ਨਗਰ ਯੋਜਨਾਕਾਰ,<br>ਪੰਜਾਬ, ਐਸ.ਏ.ਐਸ ਨਗਰ । | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਲੜੀਵਾਰ ਅਜੰਡਾ ਆਈਟਮ ਕਮੇਟੀ ਵੱਲੋਂ ਵਿਚਾਰੇ ਗਏ ਅਤੇ ਇਸ ਉਪਰੰਤ ਫੈਸਲਾ ਲਿਆ ਗਿਆ :-

<u>ਅਜੰਡਾ ਆਈਟਮ ਨੰ: 19.01</u>

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।

ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਮੀਟਿੰਗ ਦੀ ਕਾਰਵਾਈ ਸਬੰਧੀ ਕਿਸੇ ਵੀ ਮੈਂਬਰ ਸਾਹਿਬਾਨ ਜੀ ਵੱਲੋਂ ਇਤਰਾਜ਼/ਸੋਧ ਕਰਨ ਸਬੰਧੀ ਕੋਈ ਵੀ ਤਜਵੀਜ਼/ਸੁਝਾਓ ਦਰਜ ਨਹੀਂ ਕੀਤਾ ਗਿਆ । ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

ਅਜੰਡਾ ਆਈਟਮ ਨੂੰ 19.02

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 21.02.2012 ਨੂੰ ਹੋਈ 18ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆ ਅਨੁਸਾਰ ਕੀਤੀ ਗਈ ਕਾਰਵਾਈ ।

ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ ਤੇ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ।

ਅਜੰਡਾ ਆਈਟਮ ਨੰ: 19.03

ਆਈ.ਟੀ.ਸਿਟੀ, ਐਸ.ਏ.ਐਸ ਨਗਰ ਵਿਖੇ ਗੁਰੂਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਕਰਨ ਬਾਰੇ ।

ਕਮੇਟੀ ਵੱਲੋਂ ਮੱਦ ਨੂੰ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 19.04

ਗਮਾਡਾ ਅਥਾਰਿਟੀ ਦੇ ਸਾਲ 2015-16 ਦੇ ਸਲਾਨਾ ਲੇਖੇ ਅਪਰੂਵ ਕਰਨ ਬਾਰੇ ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 19.05

ਗਮਾਡਾ ਅਥਾਰਿਟੀ ਦੇ ਸਾਲ 2016-17 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2017-18 ਦੇ ਬਜਟ ਅਨੁਮਾਨ ਪ੍ਰਵਾਨ ਕਰਨ ਸਬੰਧੀ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 19.06

ਗਮਾਡਾ ਦੀ ਮੌਜੂਦਾ ਵਿੱਤੀ ਸਥਿਤੀ/ਕਰਜਿਆਂ ਦੀ ਅਦਾਇਗੀ ਬਾਰੇ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.07**

ਪਿੰਡ ਧੂੰਮਾਂ ਤਹਿਸੀਲ ਰਾਜਪੁਰਾ ਵਿੱਖੇ ਸਕਿਲ ਡਿਵੈਲਪਮੈਂਟ ਸੈਂਟਰ ਦੀ ਉਸਾਰੀ ਲਈ 19.08 ਲੱਖ. ਰੁਪਏ ਦੇ ਫੰਡਜ਼ ਜਾਰੀ ਕਰਨ ਬਾਰੇ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.08**

ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪੰਜਾਬ ਹਾਊਸਿੰਗ ਐਂਡ ਡਿਵੈਲਪਮੈਂਟ ਬੋਰਡ/ਪੁੱਡਾ ਵੱਲੋਂ ਅਲਾਟ ਕੀਤੇ ਗਏ ਈ.ਡਬਲਿਊ.ਐਸ ਅਤੇ ਐਲ.ਆਈ.ਜੀ ਮਕਾਨਾਂ ਦੇ ਅਲਾਟੀਆਂ ਵੱਲੋਂ ਵਾਧੂ ਉਸਾਰੀ ਕਰਨ ਦੇ ਇਵਜ ਵੱਜੋਂ Need based changes policy ਤਹਿਤ ਕੰਪਾਊਂਡਿੰਗ ਫੀਸ ਫਿਕਸ ਕਰਨ ਸਬੰਧੀ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਹੇਠ ਲਿਖੇ ਸੁਝਾਵਾਂ ਨਾਲ ਪ੍ਰਵਾਨਗੀ ਦਿੱਤੀ ਗਈ:-

1. ਕਵਰਡ ਏਰੀਆ ਵਧਾਉਣ ਸਬੰਧੀ ਨਕਸ਼ਾ ਬਣਾ ਕੇ ਬਿਲਡਿੰਗ ਬਾਈਲਾਜ਼ ਮੁਤਾਬਿਕ ਉਸਾਰੀ ਲਈ ਵੱਧ ਤੋਂ ਵੱਧ ਦਿੱਤਾ ਜਾਣ ਵਾਲਾ ਏਰੀਆ ਈਅਰਮਾਰਕ ਕੀਤਾ ਜਾਵੇ।
2. ਸੀਵਰੇਜ਼ ਅਤੇ ਪਾਣੀ ਆਦਿ ਸਾਂਝੀਆਂ ਸੇਵਾਵਾਂ ਨੂੰ ਨਕਸ਼ੇ ਤੇ ਉਲੀਕਦੇ ਹੋਏ ਚੈਕ ਕਰ ਲਿਆ ਜਾਵੇ ।

**ਅਜੰਡਾ ਆਈਟਮ ਨੰ: 19.09**

ਆਈ.ਟੀ. ਸਿਟੀ, ਐਸ.ਏ.ਐਸ ਨਗਰ ਵਿਖੇ 750 ਰਿਹਾਇਸ਼ੀ ਪਲਾਟਾਂ ਦੀ ਸਕੀਮ ਵਿੱਚ ਬਿਨੇਕਾਰਾਂ ਤੋਂ ਦਸਤਾਵੇਜ ਪ੍ਰਾਪਤ ਕਰਨ ਸਬੰਧੀ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 19.10

ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ 88 ਐਸ.ਏ.ਐਸ ਨਗਰ ਦੇ ਮੌਜੂਦਾ ਅਲਾਟੀਆਂ ਨੂੰ ਗਰਾਂਊਂਡ ਫਲੋਰ ਅਤੇ ਫਸਟ ਫਲੋਰ ਵਿੱਚ ਖਾਲੀ ਪਏ ਫਲੈਟਾਂ ਨੂੰ ਤਬਦੀਲ ਕਰਨ ਬਾਰੇ ਪਾਲਿਸੀ ਬਨਾਉਣ ਬਾਰੇ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਅਜੰਡਾ ਆਈਟਮ ਨੰ: 19.11

ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ 88 ਐਸ.ਏ.ਐਸ ਨਗਰ ਸਕੀਮ ਦੀ ਸ਼ਰਤ ਨੰ: 2.3 (ii) ਦੀ ਕਾਰਜ਼ਬਾਅਦ ਪ੍ਰਵਾਨਗੀ ਸਬੰਧੀ ਅਜੰਡਾ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮੱਤੇ ਨਾਲ ਸਮਾਪਤ ਹੋਈ ।